# ਬ੍ਰਿਜਿੰਦਰਾ ਕਾਲਜ ਵਿੱਚ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ, ਫ਼ਰੀਦਕੋਟ ਵੱਲੋਂ ਪਲੇਸਮੈਂਟ ਕੈਂਪ ਆਯੋਜਿਤ

ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ ਦੇ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਦੀ ਯੋਗ ਸਰਪ੍ਰਸਤੀ ਅਧੀਨ ਕੈਰੀਅਰ ਗਾਈਡੈਂਸ ਐਂਡ ਪਲੇਸਮੈਂਟ ਸੈੱਲ ਅਤੇ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਫ਼ਰੀਦਕੋਟ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿੱਚ ਪਲੇਸਮੈਂਟ ਕੈਂਪ ਆਯੋਜਿਤ ਕੀਤਾ ਗਿਆ।

ਪ੍ਰੋਗਰਾਮ ਦਾ ਆਰੰਭ ਵਿੱਚ ਕੈਰੀਅਰ ਗਾਈਡੈਂਸ ਅਤੇ ਪਲੇਸਮੈਂਟ ਸੈਲ ਦੇ ਕਨਵੀਨਰ ਪ੍ਰੋ. ਪਰਮਜੀਤ ਕੌਰ ਵੱਲੋਂ ਸਭਨਾਂ ਨੂੰ ਜੀ ਆਇਆ ਕਿਹਾ ਗਿਆ। ਇਸ ਪਲੇਸਮੈਂਟ ਦਾ ਉਦਘਾਟਨ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਜੀ ਵੱਲੋਂ ਆਪਣੇ ਕਰ-ਕਮਲਾਂ ਨਾਲ ਕੀਤਾ ਗਿਆ ਅਤੇ ਵਿਦਿਆਰਥੀਆਂ ਨਾਲ ਆਪਣੇ ਜੀਵਨ ਦੇ ਬਹੁਮੁੱਲੇ ਅਨੁਭਵ ਸਾਂਝੇ ਕਰਦੇ ਹੋਏ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਫ਼ਰੀਦਕੋਟ ਦੇ ਪਲੇਸਮੈਂਟ ਅਫ਼ਸਰ ਮਿਸ. ਮੀਤੂ ਰਾਣੀ ਅਤੇ ਕੈਰੀਅਰ ਕਾਊਂਸਰ ਸ੍ਰੀ ਵਿਸ਼ਾਲ ਚਾਵਲਾ ਜੀ ਨੇ ਵਿਦਿਆਰਥੀਆਂ ਨੂੰ ਇੰਟਰਵਿਊ ਸਬੰਧੀ ਜਾਣਕਾਰੀ ਦਿੱਤੀ। ਇਸ ਕੈਂਪ ਵਿੱਚ ਕਾਲਜ ਦੇ ਬੀ.ਏ., ਬੀ.ਕਾਮ., ਬੀ.ਐਸ.ਸੀ. (ਮੈਡੀਕਲ/ਨਾਨ-ਮੈਡੀਕਲ) ਭਾਗ ਤੀਜਾ, ਬੀ.ਐਸ.ਸੀ.(ਖੇਤੀਬਾੜੀ) ਭਾਗ ਚੌਥਾ, ਐਮ.ਏ. (ਪੰਜਾਬੀ, ਇਕਨਾਮਿਕਸ, ਸੰਗੀਤ, ਅੰਗਰੇਜ਼ੀ), ਐਮ.ਐਸ.ਸੀ. (ਕਮਿਸਟਰੀ) ਭਾਗ ਦੂਜਾ ਦੇ ਲਗਭਗ 150 ਵਿਦਿਆਰਥੀਆਂ ਨੇ ਭਾਗ ਲਿਆ। ਇਸ ਕੈਂਪ ਦੌਰਾਨ ਮੈਸ. ਗੋਬਿੰਦ ਫੈਸ਼ਨਲਜ਼, ਮੈਸ. ਨੇਮ ਐਂਡ ਫੇਮ, ਮੈਸ. ਸਾਹਿਬ ਇੰਟਰਪ੍ਰਾਇਜ਼ਜ਼, ਸਟੇਟ ਬੈਂਕ ਆਫ਼ ਇੰਡੀਆ ਇੰਸ਼ੋਰੈਂਸ ਵੱਲੋਂ ਵੱਖ-ਵੱਖ ਅਹੁੱਦਿਆਂ ਜਿਵੇਂ ਕਿ- ਵੈਲਨੈਸ ਐਡਵਾਈਜ਼ਰ, ਆਈ.ਈ.ਐਲ.ਟੀ.ਐਸ. ਟ੍ਰੇਨਰ, ਅਕਾਊਂਟੈਂਟ, ਪੀ.ਜੀ.ਟੀ. ਟੀਚਰ, ਮਾਰਕੀਟਿੰਗ, ਸੇਲਜ਼ ਆਦਿ ਲਈ ਕਾਲਜ ਦੇ 50 ਵਿਦਿਆਰਥੀ ਇੰਟਰਵਿਊ ਵਿੱਚ ਸ਼ਾਮਲ ਹੋਏ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਸੋਨਿਕਾ ਰਾਣੀ, ਮੁਖੀ, ਹਿੰਦੀ ਵਿਭਾਗ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਪ੍ਰੋ. ਨਵੀਨ ਜੈਨ (ਬਰਸਰ), ਡਾ. ਪੂਜਾ ਭੱਲਾ (ਰਜਿਸਟਰਾਰ), ਪ੍ਰੋ. ਕੁਲਵਿੰਦਰ ਕੌਰ, ਡਾ. ਸ਼ਾਲਿਨੀ ਗੋਇਲ, ਪ੍ਰੋ. ਪਵਨ ਵਾਲੀਆ, ਡਾ. ਦੀਪਾ ਗੋਇਲ, ਡਾ. ਮੀਨੂੰ ਗੁਪਤਾ, ਡਾ. ਰਮਨਦੀਪ ਕੌਰ, ਪ੍ਰੋ. ਹਰਪ੍ਰੀਤ ਸਿੰਘ, ਪ੍ਰੋ. ਇੰਦਰਦੀਪ ਸਿੰਘ ਆਦਿ ਸ਼ਾਮਲ ਸਨ।

Scanned by CamScanner

# ਜ਼ਿਲਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਦਫ਼ਤਰ ਵੱਲੋਂ ਪਲੇਸਮੈਂਟ ਕੈਂਪ ਆਯੋਜਿਤ

ਫ਼ਰੀਦਕੋਟ, 2 ਜੂਨ (ਜਸਬੀਰ ਕੌਰ ਜੱਸੀ)-ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ ਦੇ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਦੀ ਯੋਗ ਸਰਪ੍ਰਸਤੀ ਅਧੀਨ ਕਰੀਅਰ ਗਾਈਡੈਂਸ ਐਂਡ ਪਲੇਸਮੈਂਟ ਸੈੱਲ ਅਤੇ ਜ਼ਿਲਾ ਰੋਜ਼ਗਾਰ ਦਫ਼ਤਰ ਫ਼ਰੀਦਕੋਟ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿਚ ਪਲੇਸਮੈਂਟ ਕੈਂਪ ਲਗਾਇਆ ਗਿਆ। ਪ੍ਰੋਗਰਾਮ ਦਾ ਆਰੰਭ 'ਚ ਕਰੀਅਰ ਗਾਈਡੈਂਸ ਅਤੇ ਪਲੇਸਮੈਂਟ ਸੈੱਲ ਦੇ ਕਨਵੀਨਰ ਪ੍ਰੋ. ਪਰਮਜੀਤ ਕੌਰ ਵੱਲੋਂ ਸਭਨਾਂ ਨੂੰ ਜੀ ਆਇਆਂ ਕਿਹਾ ਗਿਆ।

ਇਸ ਪਲੇਸਮੈਂਟ ਦਾ ਉਦਘਾਟਨ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਵੱਲੋਂ ਕੀਤਾ ਗਿਆ ਅਤੇ ਵਿਦਿਆਰਥੀਆਂ ਨਾਲ ਆਪਣੇ ਜੀਵਨ ਦੇ ਬਹੁਮੁੱਲੇ ਅਨੁਭਵ ਸਾਂਝੇ ਕਰਦੇ ਹੋਏ ਉਨ੍ਹਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਜ਼ਿਲਾ ਰੋਜ਼ਗਾਰ ਦਫ਼ਤਰ




*ਪਲੇਸਮੈਂਟ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਾਲਜ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ। (ਜਸਬੀਰ ਕੌਰ ਜੱਸੀ)*

ਫ਼ਰੀਦਕੋਟ ਦੇ ਪਲੇਸਮੈਂਟ ਅਫ਼ਸਰ ਕੁਮਾਰੀ ਨੀਤੂ ਰਾਣੀ ਅਤੇ ਕਰੀਅਰ ਕਾਊਂਸਲਰ ਵਿਸ਼ਾਲ ਚਾਵਲਾ ਨੇ ਵਿਦਿਆਰਥੀਆਂ ਨੂੰ ਇੰਟਰਵਿਊ ਸਬੰਧੀ ਜਾਣਕਾਰੀ ਦਿੱਤੀ। ਕੈਂਪ 'ਚ ਕਾਲਜ ਦੇ ਬੀ. ਏ., ਬੀ. ਕਾਮ, ਬੀ. ਐੱਸ.ਸੀ. (ਮੈਡੀਕਲ/ਨਾਨ-ਮੈਡੀਕਲ) ਭਾਗ ਤੀਜਾ, ਬੀ. ਐੱਸ. ਸੀ. (ਖੇਤੀਬਾੜੀ) ਭਾਗ ਚੌਥਾ, ਐੱਮ. ਏ. (ਪੰਜਾਬੀ, ਇਕਨਾਮਿਕਸ, ਸੰਗੀਤ, ਅੰਗਰੇਜ਼ੀ), ਐੱਮ. ਐੱਸ. ਸੀ. (ਕੈਮਿਸਟਰੀ) ਭਾਗ ਦੂਜਾ ਦੇ ਲਗਭਗ 150 ਵਿਦਿਆਰਥੀਆਂ ਨੇ ਭਾਗ ਲਿਆ।

ਕੈਂਪ ਦੌਰਾਨ ਮੈਸ. ਗੋਬਿੰਦ ਪ੍ਰੋਫੈਸ਼ਨਲਜ਼, ਮੈਸ. ਨੇਮ ਐਂਡ ਫੇਮ, ਮੈਸ. ਸਾਹਿਬ ਇੰਟਰਪ੍ਰਾਈਜ਼ਿਜ਼, ਸਟੇਟ ਬੈਂਕ ਆਫ਼ ਇੰਡੀਆ ਇੰਸ਼ੋਰੈਂਸ ਵੱਲੋਂ ਵੱਖ-ਵੱਖ ਅਹੁਦਿਆਂ ਜਿਵੇਂ ਕਿ ਵੈੱਲਨੈੱਸ ਐਡਵਾਈਜ਼ਰ, ਆਈ. ਈ. ਐੱਲ. ਟੀ. ਐੱਸ. ਟ੍ਰੇਨਰ, ਅਕਾਊਂਟੈਂਟ, ਪੀ. ਜੀ. ਟੀ. ਟੀਚਰ, ਮਾਰਕੀਟਿੰਗ, ਸੇਲਜ਼ ਆਦਿ ਲਈ ਕਾਲਜ ਦੇ 50 ਵਿਦਿਆਰਥੀ ਇੰਟਰਵਿਊ 'ਚ ਸ਼ਾਮਲ ਹੋਏ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਸੋਨਿਕਾ ਰਾਣੀ, ਮੁਖੀ, ਹਿੰਦੀ ਵਿਭਾਗ ਨੇ ਬਾਖੂਬੀ ਨਿਭਾ। ਇਸ ਮੌਕੇ ਪ੍ਰੋ. ਨਵੀਨ ਜੈਨ ਬਰਸਰ, ਡਾ. ਪੂਜਾ ਭੱਲਾ ਰਜਿਸਟਰਾਰ, ਪ੍ਰੋ. ਕੁਲਵਿੰਦਰ ਕੌਰ, ਡਾ. ਸ਼ਾਲਿਨੀ ਗੋਇਲ, ਪ੍ਰੋ. ਪਵਨ ਵਾਲੀਆ, ਡਾ. ਦੀਪਾ ਗੋਇਲ, ਡਾ. ਮੀਨੂੰ ਗੁਪਤਾ, ਡਾ. ਰਮਨਦੀਪ ਕੌਰ, ਪ੍ਰੋ. ਹਰਪ੍ਰੀਤ ਸਿੰਘ, ਪ੍ਰੋ. ਇੰਦਰਦੀਪ ਸਿੰਘ ਸ਼ਾਮਲ ਹੋਏ।

Scanned by CamScanner